## ਸਵਾਲ ਅਤੇ ਜਵਾਬ

### ਮੈਂ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਬੋਲ ਸਕਦਾ/ਸਕਦੀ, ਮੈਂ ਆਪਣੇ ਬੱਚੇ ਦੇ ਟੀਚਰ ਨਾਲ ਗੱਲ ਕਿਵੇਂ ਕਰ ਸਕਦਾ/ਸਕਦੀ ਹਾਂ?

- ਬਹੁਤ ਸਾਰੇ ਐਜੂਕੇਸ਼ਨ ਬੋਰਡਾਂ ਦੇ ਸਕੂਲਾਂ ਵਿਚ ਕਈ ਭਾਸ਼ਾਵਾਂ ਵਿਚ ਗੱਲਬਾਤ ਕਰਨ ਵਾਲੇ ਮਲਟੀਕਲਚਰਲ ਵਰਕਰ ਅਤੇ/ਜਾਂ ਸੈਟਲਮੈਂਟ ਵਰਕਰ ਹੁੰਦੇ ਹਨ। ਉਨ੍ਹਾਂ ਦਾ ਕੰਮ ਤੁਹਾਡੀ ਮਦਦ ਕਰਨਾ ਹੈ। ਉਨ੍ਹਾਂ ਦੀ ਮਦਦ ਲੈ ਕੇ ਟੀਚਰ ਨਾਲ ਅਪੌਇੰਟਮੈਂਟ ਬਣਾਉ ਅਤੇ ਉਹ ਤੁਹਾਡੀ ਟੀਚਰ ਨਾਲ ਗੱਲਬਾਤ ਕਰਨ ਵਿਚ ਸਹਾਇਤਾ ਕਰਨਗੇ। ਇਸ ਅਪੌਇੰਟਮੈਂਟ `ਤੇ ਸਮੇਂ ਸਿਰ ਪਹੁੰਚਣਾ ਬਹੁਤ ਜ਼ਰੂਰੀ ਹੈ।
- ਇਮੀਗਰਾਂਟਾਂ ਨੂੰ ਸੇਵਾਵਾਂ ਦੇਣ ਵਾਲੀਆਂ ਸਥਾਨਕ ਏਜੰਸੀਆਂ ਵਿਚ ਵੀ ਅਜਿਹਾ ਸਟਾਫ ਹੁੰਦਾ ਹੈ ਜਿਹੜਾ ਤੁਹਾਡੀ ਮਦਦ ਕਰ ਸਕਦਾ ਹੈ।



- ਮਾਪਿਆਂ ਦੀ ਸ਼ਾਮ, ਮਾਪਿਆਂ-ਟੀਚਰਾਂ ਦੀਆਂ ਮੀਟਿੰਗਾਂ ਅਤੇ ਸਕੂਲ ਵਲੋਂ ਪ੍ਰਦਾਨ ਕੀਤੇ ਜਾਂਦੇ ਹੋਰ ਮੌਕਿਆਂ `ਤੇ ਜਾਉ; ਗੱਲਬਾਤ ਵਿਚ ਤੁਹਾਡੀ ਮਦਦ ਕਰਨ ਲਈ ਬਹੁਭਾਸ਼ਾਈ ਸਟਾਫ ਮੌਜੂਦ ਹੁੰਦਾ ਹੈ।

## "Parent Questions and Answers"

[Punjabi]

ਇਹ ਬਰੋਸ਼ਰ ਵੈਨਕੂਵਰ ਸਕੂਲ ਬੋਰਡ ਦੇ ਸੈਟਲਮੈਂਟ ਵਰਕਰਾਂ ਵਲੋਂ ਸਪੌਂਸਰ ਕੀਤੇ ਗਏ ਕਈ ਬਰੋਸ਼ਰਾਂ ਵਿੱਚੋਂ ਇੱਕ ਹੈ ਅਤੇ ਇਸਦੀ ਰਚਨਾ ਕੁੱਝ ਈ ਐਸ ਐਲ ਅਧਿਆਪਕਾਂ ਅਤੇ ਵੈਨਕੂਵਰ ਸਕੂਲ ਬੋਰਡ ਦੇ ਮਲਟੀਕਲਚਰਲ ਲੀਏਜ਼ੋਨ ਵਰਕਰਾਂ ਨੇ ਮਿਲ ਕੇ ਕੀਤੀ ਹੈ।

British Columbia
The Best Place on Earth
WelcomeBC
Canada
VSB

ਅਸੀਂ 'ਮਨਿਸਟਰੀ ਆਫ ਅਡਵਾਂਸਡ ਐਜੂਕੇਸ਼ਨ ਐਂਡ ਲੇਬਰ ਮਾਰਕਿਟ ਡਿਵੇਲੱਪਮੈਂਟ' ਅਤੇ 'ਸਿਟਿਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ' ਵਲੋਂ ਮਿਲੀ ਵਿੱਤੀ ਮੱਦਦ ਲਈ ਧੰਨਵਾਦੀ ਹਾਂ।

# ਮਾਪਿਆਂ ਦੇ ਸਵਾਲ ਅਤੇ ਜਵਾਬ



## *ਆਮ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ*



## ਮੇਰੇ ਬੱਚੇ ਨੂੰ ਈ ਐੱਸ ਐੱਲ ਮਦਦ ਕਿਉਂ ਮਿਲ ਰਹੀ ਹੈ?

- ਵਿਦਿਆਰਥੀਆਂ ਨੂੰ ਉਦੋਂ ਈ ਐੱਸ ਐੱਲ ਮਿਲਦੀ ਹੈ ਜਦੋਂ ਗਰੇਡ ਪੱਧਰ ਦੀਆਂ ਉਮੀਦਾਂ ਪੂਰੀਆਂ ਕਰਨ ਲਈ ਉਨ੍ਹਾਂ ਦੀ ਅੰਗਰੇਜ਼ੀ ਕਾਫੀ ਨਹੀਂ ਹੁੰਦੀ।
- ਈ ਐੱਸ ਐੱਲ ਟੀਚਰ, ਅੰਗਰੇਜ਼ੀ ਅਤੇ ਅਕਾਦਮਿਕ ਕੋਰਸਾਂ ਦੀ ਖਾਸ ਸ਼ਬਦਾਵਲੀ ਸਿਖਾਉਂਦੇ ਹਨ ਜਿਨ੍ਹਾਂ ਦੀ ਪੜ੍ਹਾਈ ਵਿਦਿਆਰਥੀ ਭਵਿੱਖ ਵਿਚ ਕਰਨਗੇ।
- ਅੰਗਰੇਜ਼ੀ ਵਿਚ ਗੱਲਬਾਤ ਕਰਨ ਦੇ ਮੁਢਲੇ ਹੁਨਰ ਸਿੱਖਣ ਨੂੰ 2 ਸਾਲ ਲੱਗ ਸਕਦੇ ਹਨ।
- ਪਾਠ ਪੁਸਤਕਾਂ ਦੀ ਜ਼ਬਾਨ ਸਿੱਖਣ ਨੂੰ 5 ਸਾਲ ਤੋਂ ਜ਼ਿਆਦਾ ਦਾ ਸਮਾਂ ਲੱਗ ਸਕਦਾ ਹੈ; 'ਸਖਤ' ਮਿਹਨਤ ਕਰਨ ਨਾਲ ਇਹ ਸਮਾਂ ਘਟੇਗਾ ਨਹੀਂ। ਅਕਾਦਮਿਕ ਅੰਗਰੇਜ਼ੀ ਸਿੱਖ ਰਹੇ ਵਿਦਿਆਰਥੀ ਪਹਿਲਾਂ ਹੀ ਬਹੁਤ ਸਖਤ ਮਿਹਨਤ ਕਰ ਰਹੇ ਹੁੰਦੇ ਹਨ।

## ਮੇਰੇ ਬੱਚੇ ਲਈ ਸਭ ਤੋਂ ਵਧੀਆ ਸਕੂਲ ਕਿਹੜਾ ਹੈ?

- ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਸਕੂਲ ਉਹ ਹੈ ਜਿਹੜਾ ਤੁਹਾਡੇ ਆਂਢ-ਗੁਆਂਢ ਵਿਚ ਹੈ ਤਾਂ ਕਿ ਤੁਹਾਡਾ ਬੱਚਾ ਜ਼ਿਆਦਾ ਸੌਖ ਨਾਲ ਦੋਸਤ ਬਣਾ ਸਕੇ।

## ਸਕੂਲ ਸਮੇਂ ਸਿਰ ਨਾ ਪਹੁੰਚਣ ਵਿਚ ਕੀ ਗਲਤ ਹੈ?

- ਵਿਦਿਆਰਥੀ ਕਲਾਸਰੂਮ ਦੀਆਂ ਹਿਦਾਇਤਾਂ ਅਤੇ ਹੋਮਵਰਕ ਬਾਰੇ ਜਾਣਕਾਰੀ ਤੋਂ ਖੁੰਝ ਸਕਦਾ ਹੈ।
- ਵਿਦਿਆਰਥੀ ਸਕੂਲ ਦੇ ਕੰਮਾਂ ਬਾਰੇ ਮਹੱਤਵਪੂਰਨ ਜਾਣਕਾਰੀ ਤੋਂ ਖੁੰਝ ਸਕਦਾ ਹੈ।
- ਇਹ ਹੋਰ ਵਿਦਿਆਰਥੀਆਂ ਅਤੇ ਟੀਚਰਾਂ ਪ੍ਰਤੀ ਆਦਰ ਵਾਲਾ ਨਹੀਂ ਹੈ।
- ਸਕੂਲ ਸਮੇਂ ਸਿਰ ਜਾਣਾ, ਕੰਮ 'ਤੇ ਸਮੇਂ ਸਿਰ ਜਾਣ ਲਈ ਇਕ ਚੰਗਾ ਅਭਿਆਸ ਹੈ।

## ਮੇਰੇ ਬੱਚੇ ਨੂੰ ਜ਼ਿਆਦਾ ਹੋਮਵਰਕ ਕਿਉਂ ਨਹੀਂ ਮਿਲਦਾ?

- ਕਿਰਪਾ ਕਰਕੇ ਹੋਮਵਰਕ 'ਤੇ ਬਰੋਸ਼ਰ ਦੇਖੋ।

## ਮੇਰੇ ਬੱਚੇ ਨੂੰ ਸਰੀਰਕ ਸਿਖਿਆ (ਪੀ ਈ) ਅਤੇ ਫਾਈਨ ਆਰਟਸ ਕਿਉਂ ਲੈਣੇ ਪੈਣਗੇ?

- ਪੀ ਈ ਅਤੇ ਫਾਈਨ ਆਰਟਸ ਕੋਰਸ ਲਾਜ਼ਮੀ ਹਨ (ਵਿਦਿਆ ਮਹਿਕਮੇ ਵਲੋਂ)।
- ਖੋਜ ਇਹ ਦਿਖਾਉਂਦੀ ਹੈ ਕਿ ਜਿਹੜੇ ਵਿਦਿਆਰਥੀ ਸੰਗੀਤ ਦੀ ਪੜ੍ਹਾਈ ਕਰਦੇ ਹਨ ਅਤੇ ਸਰੀਰਕ ਤੌਰ 'ਤੇ ਫਿੱਟ ਹੁੰਦੇ ਹਨ, ਉਹ ਅਕਾਦਮਿਕ ਕੋਰਸਾਂ ਵਿਚ ਵਧੀਆ ਰਹਿੰਦੇ ਹਨ।
- ਵਿਦਿਆਰਥੀਆਂ ਨੂੰ ਗੈਰ-ਅਕਾਦਮਿਕ ਖੇਤਰਾਂ ਵਿਚ ਗੁਣ ਅਤੇ ਯੋਗਤਾਵਾਂ ਦਿਖਾਉਣ ਦੇ ਮੌਕਿਆਂ ਦੀ ਲੋੜ ਹੁੰਦੀ ਹੈ ਜਿੱਥੇ ਅੰਗਰੇਜ਼ੀ ਮੁੱਖ ਪੱਖ ਨਹੀ ਹੁੰਦੀ।
- ਬੀ ਸੀ ਦੇ ਸਕੂਲ ਹਰ ਵਿਦਿਆਰਥੀ ਦੇ ਸਾਰੇ ਪੱਖਾਂ ਨੂੰ ਵਿਕਸਤ ਕਰਨ ਵਿਚ ਮਦਦ ਕਰਨ ਲਈ ਪੂਰੀ ਵਾਹ ਲਾਉਂਦੇ ਹਨ ਨਾ ਕਿ ਸਿਰਫ ਵਿਦਿਆਰਥੀ ਦੇ ਅਕਾਦਮਿਕ ਪੱਖ ਨੂੰ ਵਿਕਸਤ ਕਰਨ ਵਿਚ।

